Alberta

ਨਿਊਜ਼ ਰਿਲੀਜ਼

# ਐਲਬਰਟਾ ਨਿਵਾਸੀਆਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਰੱਖਿਆ ਕਰਨਾਂ

23 ਅਕਤੂਬਰ 2024

---

ਐਲਬਰਟਾ ਸਰਕਾਰ ਨਿਯਮਿਤ ਪ੍ਰੋਫੈਸ਼ਨਲਾਂ ਵਾਸਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਸੁਰੱਖਿਆ ਲਈ ਵਿਧਾਨਿਕ ਤਬਦੀਲੀਆਂ ਬਾਰੇ ਵਿਚਾਰ ਕਰ ਰਹੀ ਹੈ।

ਵਧ ਰਹੇ ਸ਼ਿਕਵਿਆਂ, ਕਿ ਨਿਯਮਿਤ ਪ੍ਰੋਫੈਸ਼ਨਲ ਸੰਸਥਾਵਾਂ ਵਿਅਕਤੀਗਤ ਪ੍ਰਗਟਾਵੇ ਦੀ ਆਜ਼ਾਦੀ ਨੂੰ ਸੀਮਤ ਕਰਨ ਅਤੇ ਵਿਅਕਤੀਆਂ ਦੀਆਂ ਪ੍ਰੋਫੈਸ਼ਨਲ  ਪ੍ਰੈਕਟਿਸਾਂ ਦੇ ਖੇਤਰ ਤੋਂ ਬਾਹਰ ਅਗਾਂਹ ਵਧ ਰਹੀਆਂ ਹਨ, ਦੇ ਜਵਾਬ ਵਿਚ ਐਲਬਰਟਾ ਸਰਕਾਰ ਇਸ ਪੱਤਝੜ ਰੁੱਤੇ ਇਕ ਆਦਾਨ-ਪ੍ਰਦਾਨ ਸ਼ੁਰੂ ਕਰ ਰਹੀ ਹੈ, ਜਿਸ 'ਚ ਪ੍ਰਭਾਵਤ ਮੈਂਬਰਾਂ ਕੋਲੋਂ ਇਸ ਸਬੰਧੀ ਸਿੱਧਿਆਂ ਸੁਣਨਾਂ ਸ਼ਾਮਲ ਹੋਵੇਗਾ।

ਸਾਰੇ ਐਲਬਰਟਾ ਵਾਸੀਆਂ ਦੀਆਂ ਨਾਗਰਿਕ ਸੁਤੰਤਰਤਾਵਾਂ ਦੀ ਸੁਰੱਖਿਆ ਕਰਨ ਦੀ ਸੂਬਾ ਸਰਕਾਰ ਦੀ ਵਚਨਬੱਧਤਾ ਦੇ ਇਕ ਭਾਗ ਵਜੋਂ ਸਰਕਾਰ ਇਹ ਸਪੱਸ਼ਟ ਕਰਨ ਲਈ ਵਿਧਾਨਿਕ ਤਬਦੀਲੀਆਂ ਬਾਰੇ ਵਿਚਾਰ ਕਰ ਰਹੀ ਹੈ ਕਿ ਪ੍ਰੋਫੈਸ਼ਨਲ ਨਿਯਮਿਤਕਾਰੀ ਸੰਸਥਾਵਾਂ ਮੈਂਬਰਾਂ ਦੀ ਪ੍ਰੋਫੈਸ਼ਨਲ ਯੋਗਤਾ ਅਤੇ ਵਿਉਹਾਰ ਨੂੰ ਨਿਯਮਤ ਕਰਨ ਤੱਕ ਸੀਮਤ ਹਨ। ਆਦਾਨ-ਪ੍ਰਦਾਨ ਇਹ ਯਕੀਨੀ ਬਣਾਵੇਗਾ ਕਿ ਪ੍ਰੋਫੈਸ਼ਨਲ ਨਿਯਮਿਤਕਾਰੀ ਸੰਸਥਾਵਾਂ ਆਪਣੇ ਮੈਂਬਰਾਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਨੂੰ ਬਰਕਰਾਰ ਰੱਖਣ ਅਤੇ ਇਹ ਕਿ ਐਲਬਰਟਾ ਨਿਵਾਸੀ ਆਪਣੇ ਅਨੁਭਵ ਅਤੇ ਰਾਵਾਂ ਸਾਂਝੀਆਂ ਕਰ ਸਕਦੇ ਹਨ।

"ਇਕ ਲੋਕਤੰਤਰੀ ਸਮਾਜ ਵਿਚ ਪ੍ਰਗਟਾਵੇ ਦੀ ਆਜ਼ਾਦੀ ਇਕ ਆਧਾਰਸ਼ਿਲਾ ਹੈ। ਅਸੀਂ ਐਲਬਰਟਾ ਨਿਵਾਸੀਆਂ ਦੀਆਂ ਆਜ਼ਾਦੀਆਂ ਵਾਸਤੇ ਖੜੇ ਹੋਣ ਲਈ ਪ੍ਰਤਿਬਧ ਹਾਂ, ਅਤੇ ਇਸ 'ਚ ਇਹ ਗੱਲ ਸ਼ਾਮਲ ਹੈ ਕਿ ਐਲਬਰਟਾ ਨਿਵਾਸੀ ਪ੍ਰੋਫੈਸ਼ਨਲ ਨਿਯਮਿਤਕਾਰੀ ਸੰਸਥਾਵਾਂ ਵੱਲੋਂ ਧਮਕੀਆਂ ਦੀ ਵਜਹ ਕਰਕੇ ਸਵੈ-ਸੈਂਸਰਸ਼ਿੱਪ ਲਈ ਮਜ਼ਬੂਰ ਨਾ ਹੋਣ। ਉਹ ਸੰਸਥਾਵਾਂ ਜਿਹੜੀਆਂ ਪ੍ਰੋਫੈਸ਼ਨਲਾਂ ਨੂੰ ਨਿਯਮਿਤ ਕਰਦੀਆਂ ਹਨ, ਨੂੰ ਜ਼ਰੂਰੀ ਤੌਰ 'ਤੇ ਇਕ ਸੰਤੁਲਨ ਰੱਖਣਾ ਹੋਵੇਗਾ ਜਿਹੜਾ ਮੈਂਬਰਾਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਨੂੰ ਸੀਮਤ ਕਰਨ ਤੋਂ ਬਗੈਰ ਯੋਗਤਾ ਅਤੇ ਆਚਾਰ ਵਿਉਹਾਰ ਨੂੰ ਬਣਾਈ ਰੱਖੇ ਅਤੇ ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ  ਕਿ ਉਹ ਸੰਤੁਲਨ ਬਣਾਇਆ ਜਾਂਦਾ ਹੈ।"
*Danielle Smith, ਪ੍ਰੀਮੀਅਰ*

"ਅਸੀਂ ਉਹਨਾਂ ਪ੍ਰੋਫੈਸ਼ਨਲਾਂ ਤੋਂ ਸੁਣਿਆ ਹੈ ਜਿਨ੍ਹਾਂ ਨੂੰ ਨਿਯੰਤਰਕਾਂ ਵੱਲੋਂ ਸ਼ਿਕਾਇਤਾਂ ਮਿਲ ਰਹੀਆਂ ਹਨ, ਅਤੇ ਕੁਝ ਮਾਮਲਿਆਂ ਵਿੱਚ ਉਨ੍ਹਾਂ ਦੀਆਂ ਪ੍ਰੋਫੈਸ਼ਨਲ ਯੋਗਤਾਵਾਂ ਨਾਲ ਅਣ-ਸੰਬੰਧਿਤ ਨਿੱਜੀ ਵਿਸ਼ਵਾਸਾਂ ਅਤੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਅਸਲ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਥਿਤੀ ਸਵੈ-ਸੈਂਸਰਸ਼ਿੱਪ ਵਿੱਚ ਨਤੀਜਾ ਦੇ ਸਕਦੀ ਹੈ ਅਤੇ ਉਹਨਾਂ ਦੀ ਆਜ਼ਾਦੀ ਨਾਲ ਬੋਲਣ ਅਤੇ ਰਾਏ ਪ੍ਰਗਟ ਕਰਨ ਦੀ ਯੋਗਤਾ ਉਤੇ ਅਸਰ ਕਰ ਸਕਦੀ ਹੈ। ਅਸੀਂ ਇਹ ਸਮੀਖਿਆ ਸ਼ੁਰੂ ਕਰ ਰਹੇ ਹਾਂ ਤਾਂ ਕਿ ਮੈਂਬਰਾਂ ਦੇ ਅਧਿਕਾਰਾਂ ਅਤੇ

ਆਜ਼ਾਦੀਆਂ ਦੀ ਰੱਖਿਆ ਕੀਤੀ ਜਾ ਸਕੇ।"

*Mickey Amery, ਮਿਨਿਸਟਰ ਆਫ ਜਸਟਿਸ ਐਂਡ ਐਟਰਨੀ ਜਨਰਲ*

ਇਸ ਸਮੀਖਿਆ ਲਈ ਨਿਯੰਤਰਿਤ ਪ੍ਰੋਫੈਸ਼ਨਾਂ ਵਾਲੇ ਵਾਲੇ ਗਿਆਰਾਂ ਮੰਤਰਾਲੇ ਜਾਣਕਾਰੀ ਇਕੱਠੀ ਕਰਨਗੇ ਅਤੇ ਪ੍ਰੋਫੈਸ਼ਨਲ ਨਿਯਮਿਤਕਾਰੀ ਸੰਸਥਾਵਾਂ ਅਤੇ ਹੋਰ ਸਬੰਧਿਤ ਗਰੁੱਪਾਂ ਨਾਲ ਜ਼ਰੂਰਤ ਅਨੁਸਾਰ ਗੱਲਬਾਤ ਕਰਨਗੇ ਤਾਂ ਜੋ ਨੀਤੀ ਦੇ ਫੈਸਲੇ ਲੈਣ ਵਿੱਚ ਸਹਾਇਤਾ ਕਰ ਸਕਣ।

ਇਹ ਸਮੀਖਿਆ ਪ੍ਰੋਫੈਸ਼ਨਲ ਨਿਯਮਿਤਕਾਰੀ ਸੰਸਥਾਵਾਂ, ਨਿਯੰਤਰਿਤ ਪ੍ਰੋਫੈਸ਼ਨਲਾਂ ਅਤੇ ਹੋਰ ਸੰਸਥਾਵਾਂ, ਐਸੋਸੀਏਸ਼ਨਾਂ ਜਾਂ ਮਾਹਰਾਂ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਕੀਤੀ ਜਾਏਗੀ। ਇੰਨ੍ਹਾਂ ਗਰੁੱਪਾਂ ਨੂੰ ਸੱਦਾ ਦਿੱਤਾ ਜਾਏਗਾ ਕਿ ਉਹ ਆਪਣੇ ਵਿਚਾਰ ਸਾਂਝੇ ਕਰਨ, ਕਿ ਕੀ ਨਿਯਮਿਤਕਾਰੀ ਨਿਗਰਾਨੀ ਪ੍ਰੋਫੈਸ਼ਨਲ ਯੋਗਤਾ ਅਤੇ ਨੈਤਿਕਤਾ ਤੋਂ ਪਾਰ ਜਾਂਦੀ ਹੈ, ਜਿਵੇਂ ਕਿ ਪ੍ਰਗਟਾਵੇ ਅਤੇ ਰਾਏ ਦੀ ਆਜ਼ਾਦੀ, ਪ੍ਰੋਫੈਸ਼ਨਲ ਯੋਗਤਾ ਨਾਲ ਸੰਬੰਧਤ ਨਾ ਹੋਣ ਵਾਲੀ ਟਰੇਨਿੰਗ, ਵਿਰੋਧੀ ਅਤੇ ਬਦ-ਇਰਾਦੇ ਵਾਲੀਆਂ ਸ਼ਿਕਾਇਤਾਂ, ਤੀਜੇ ਪਾਰਟੀ ਦੀਆਂ ਸ਼ਿਕਾਇਤਾਂ, ਅਤੇ ਨਿਯੰਤਰਿਤ ਪ੍ਰੋਫੈਸ਼ਨ ਦੇ ਰੂਪ ਵਿੱਚ ਆਪਣੇ ਰੋਲ ਦੇ ਨਾਲ ਨਾਲ ਹੋਰ ਰੋਲ ਨਿਭਾਉਣ ਵਾਲਿਆਂ ਲਈ ਸੁਰੱਖਿਆ।

**ਫੌਰੀ ਤੱਥ**

- ਪ੍ਰੋਫੈਸ਼ਨਲ ਨਿਯਮਿਤਕਾਰੀ ਸੰਸਥਾਵਾਂ ਆਪਣੇ ਮੈਂਬਰਾਂ ਲਈ ਯੋਗਤਾ ਅਤੇ ਵਿਵਹਾਰ ਦੇ ਮਾਪਦੰਡ ਸਥਾਪਿਤ ਕਰਕੇ ਅਤੇ ਉਨ੍ਹਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਵਾਲਿਆਂ ਨੂੰ ਅਨੁਸ਼ਾਸਿਤ ਕਰਕੇ ਜਨਤਕ ਹਿੱਤਾਂ ਦੀ ਰੱਖਿਆ ਕਰਦੀਆਂ ਹਨ।
- ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਦੇ ਸੈਕਸ਼ਨ 2(b) ਅਧੀਨ ਸੁਰੱਖਿਅਤ ਹੈ।
- ਇਸ ਸਮੀਖਿਆ ਵਿੱਚ 11 ਮੰਤਰਾਲਿਆਂ ਦੇ ਅਧੀਨ 118 ਨਿਯੰਤਰਿਤ ਪ੍ਰੋਫੈਸ਼ਨਲ ਸੰਸਥਾਵਾਂ ਨੂੰ ਸ਼ਾਮਲ ਕੀਤਾ ਜਾਵੇਗਾ।
  - ਇਹ 118 ਪ੍ਰੋਫੈਸ਼ਨ ਅਤੇ ਟਰੇਡ 67 ਵੱਖ-ਵੱਖ ਨਿਯੰਤਰਨ ਸੰਸਥਾਵਾਂ ਦੁਆਰਾ ਸ਼ਾਸਿਤ ਹਨ। ਇਸ ਵਿੱਚ ਕੁਝ ਸੂਬਾਈ ਸਰਕਾਰੀ ਮੰਤਰਾਲੇ ਵੀ ਸ਼ਾਮਲ ਹਨ ਜੋ ਸਿੱਧੇ ਤੌਰ 'ਤੇ ਪ੍ਰੋਫੈਸ਼ਨਾਂ ਨੂੰ ਨਿਯਮਿਤ ਕਰਦੇ ਹਨ।
- ਹਰ ਮੰਤਰਾਲੇ ਨੇ ਆਪਣੇ ਅਧੀਨ ਨਿਯੰਤਰਿਤ ਪ੍ਰੋਫੈਸ਼ਨਾਂ ਦੀ ਇੱਕ ਜਾਣਕਾਰੀ ਸੂਚੀ ਤਿਆਰ ਕੀਤੀ ਅਤੇ ਇਹ ਨਿਰਧਾਰਤ ਕੀਤਾ ਕਿ ਕਿਹੜੇ ਇਸ ਸਮੀਖਿਆ ਵਿੱਚ ਸ਼ਾਮਲ ਕੀਤੇ ਜਾਣਗੇ। ਪ੍ਰੋਫੈਸ਼ਨ ਸਮੀਖਿਆ ਤੋਂ ਬਾਹਰ ਰੱਖੇ ਜਾ ਸਕਦੇ ਹਨ ਜੇ:
  - ਉਹ ਸਵੈ-ਨਿਯੰਤਰਿਤ ਨਹੀਂ ਹਨ।
  - ਪ੍ਰੋਫੈਸ਼ਨ ਲਈ ਨਿਯਮ ਅਜੇ ਤੱਕ ਲਾਗੂ ਨਹੀਂ ਹਨ।
  - ਕੋਈ ਨਿਯੰਤਰਕ ਸੰਸਥਾ ਜਾਂ ਮੈਂਬਰ ਵਿਰੁੱਧ ਜਨਤਾ ਦੀਆਂ ਸ਼ਿਕਾਇਤਾਂ ਜਾਂ ਸਜ਼ਾਈ ਕਾਰਵਾਈ ਨੂੰ ਸੰਭਾਲਣ ਦਾ ਕੋਈ ਢੰਗ ਮੌਜੂਦ ਨਹੀਂ ਹੈ।
  - ਸਰਟੀਫਿਕੇਸ਼ਨ ਤੋਂ ਪਰ੍ਹੇ ਕੋਈ ਬਹੁਤ ਘੱਟ ਜਾਂ ਨਹੀਂ ਦੇ ਬਰਾਬਰ ਨਿਯਮਿਤਕਾਰੀ ਰੋਲ ਹੈ।

Alberta

# ਨਿਊਜ਼ ਰਿਲੀਜ਼

**ਸਬੰਧਤ ਜਾਣਕਾਰੀ**

- Regulated Professions Engagement

**ਮਲਟੀਮੀਡੀਆ**

- Video with Premier Danielle Smith and Justice Minister Mickey Amery

**ਮੀਡੀਆ ਇੰਨਕੁਆਰੀਆਂ**

Savannah Johannsen
Savannah.Johannsen@gov.ab.ca
780-686-3521
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

Chinenye Anokwuru
Chinenye.Anokwuru@gov.ab.ca
780-720-1915
ਸੀਨੀਅਰ ਪ੍ਰੈੱਸ ਸੈਕਰੇਟਰੀ, ਜਸਟਿਸ